# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ), (ਨੋਟਿਸ ਬੋਰਡ ਰਾਹੀਂ)

ਸਮੂਹ ਪ੍ਰਿੰਸੀਪਲ/ ਸਕੂਲ ਮੁੱਖੀ। (ਵੈਬ ਸਾਇਟ ਰਾਹੀਂ)

ਮੀਮੋ ਨੰ: 10/164-2018 ਸੈ.ਸਿੱ (6)

ਮਿਤੀ: ਸ.ਅ.ਸ ਨਗਰ 25-10-18

**ਵਿਸ਼ਾ: ਸਕੂਲਾਂ ਤੋਂ ਲਏ ਜਾਣ ਵਾਲੇ ਫੰਡਾਂ ਸਬੰਧੀ।**

**ਹਵਾਲਾ:** ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਦਾ ਪੱਤਰ ਨੰ ਡਿ.ਐਸ.ਪੀ.ਡੀ/ ਐਸ.ਐਸ.ਏ/2009/458-502, ਮਿਤੀ 04.01.2010 ਅਤੇ ਕੋਆਰਡੀ./ਐਸ.ਐਸ.ਏ/2010/ 33505, ਮਿਤੀ 23.04.2010

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਬਿਲਡਿੰਗ, ਆਈ ਕਾਰਡ, ਘਰੇਲੂ ਪ੍ਰੀਖਿਆ, ਮੈਗਜੀਨ, ਹੈਲਥ, ਆਡਿਓ ਵਿਜਿਊਲ, ਸਮਾਲ ਸੇਵਿੰਗ, ਸਾਇਕਲ ਫੰਡ ਬੰਦ ਕਰਕੇ ਇਨ੍ਹਾਂ ਫੰਡਾਂ ਵਿੱਚ ਪਈ ਰਕਮ ਨੂੰ ਅਮਲਾਗਾਮੇਟਿਡ ਫੰਡ ਵਿੱਚ ਜਮਾਂ ਕੀਤਾ ਜਾਵੇ। ਪਰ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕੁਝ ਸਕੂਲਾਂ ਵੱਲੋਂ ਇਨ੍ਹਾਂ ਫੰਡਾਂ ਦੀ ਰਕਮ ਅਮਲਗਾਮੇਟਿਡ ਫੰਡ ਵਿੱਚ ਜਮਾਂ ਨਹੀਂ ਕਰਵਾਈ ਗਈ ਅਤੇ ਵਖਰੇ ਖਾਤੇ ਮੇਨਟੇਨ ਕੀਤੇ ਜਾ ਰਹੇ ਹਨ।

2.0 ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਸਕੂਲ ਵਿੱਚ ਅਜੇ ਬਿਲਡਿੰਗ, ਆਈਕਾਰਡ, ਘਰੇਲੂ ਪ੍ਰੀਖਿਆ, ਮੈਗਜੀਨ, ਹੈਲਥ, ਆਡਿਓ ਵਿਜਿਊਲ, ਸਮਾਲ ਸੇਵਿੰਗ, ਸਾਇਕਲ ਫੰਡਾਂ ਦੀ ਰਕਮ ਪਈ ਹੈ ਤਾਂ ਉਸ ਨੂੰ ਤੁਰੰਤ ਅਮਲਗਾਮੇਟਿਡ ਫੰਡ ਵਿੱਚ ਜਮਾਂ ਕਰਵਾਇਆ ਜਾਵੇ ਅਤੇ ਅਮਲਗਾਮੇਟਿਡ ਫੰਡ ਦੀ ਵਰਤੋਂ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕੀਤੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।

**ਨਾਲ ਨੱਥੀ:** ਹਵਾਲਾ ਅਧੀਨ ਪੱਤਰ (ਵੈਬ ਸਾਇਟ ਤੇ ਵੀ ਉਪਲਬਧ)

2018 385363
26-10-2018

2309
28/10/2018

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ**
**ਐਸ.ਸੀ.ਓ. ਨੰ: 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)/(ਐ.ਸਿ)
ਪੰਜਾਬ।

ਮੀਮੋ ਨੰ: ਕੋਆਰਡੀ./ਐਸ.ਐਸ.ਏ/2010/33505
ਮਿਤੀ, ਚੰਡੀਗੜ੍ਹ:23-04-2010

**ਵਿਸ਼ਾ:-** **ਸਕੂਲਾਂ ਤੋਂ ਲਏ ਜਾਣ ਵਾਲੇ ਫੰਡਾਂ ਸੰਬੰਧੀ।**
ਹਵਾਲਾ: ਡਿ.ਐਸ.ਪੀ.ਡੀ/ਐਸ.ਐਸ.ਏ/2009/458-502, ਮਿਤੀ 04-01-2010

1.0 **ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।**

2.0 ਉਪਰੋਕਤ ਵਿਸ਼ੇ ਅਤੇ ਹਵਾਲੇ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਸਾਲਾਨਾ ਅਤੇ ਮਹੀਨਾਵਾਰ ਫੰਡਾਂ ਨੂੰ ਤਰਕਸੰਗਤ ਬਣਾ ਕੇ ਕੇਵਲ ਤਿੰਨ ਮਾਸਿਕ ਫੰਡ (ਅਮਲਗਾਮੇਟਿਡ, ਪੀ.ਟੀ.ਏ ਅਤੇ ਸਪੋਰਟਸ) ਹੀ ਰੱਖੇ ਗਏ ਹਨ। ਜਦੋਂ ਕਿ ਪਹਿਲਾਂ ਪ੍ਰਚਲਿਤ ਸਾਲਾਨਾ ਅਤੇ ਮਾਸਿਕ ਫੰਡ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ | ਫੰਡ ਦੀ ਕਿਸਮ | ਫੰਡ ਦਾ ਨਾਂ |
|---|---|---|
| 1 | ਸਲਾਨਾ | ਖਿਲਡਿੰਗ, ਆਈ ਕਾਰਡ, ਘਰੇਲੂ ਪ੍ਰੀਖਿਆ, ਮੈਗਜ਼ੀਨ |
| 2 | ਮਾਸਿਕ | ਰੈਲਥ, ਆਡਿਓ ਵਿਜ਼ਿਊਲ, ਸਮਾਲ ਸੇਵਿੰਗ, ਸਾਈਕਲ ਫੰਡ |

3.0 ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਪਰੋਕਤ ਦਰਸਾਏ ਸਾਲਾਨਾ ਅਤੇ ਮਾਸਿਕ ਫੰਡਾਂ ਨੂੰ ਬੰਦ ਕਰਕੇ ਇਹਨਾਂ ਫੰਡਾਂ ਵਿੱਚ ਪਈ ਰਕਮ ਨੂੰ ਅਮਲਗਾਮੇਟਿਡ ਫੰਡ ਵਿੱਚ ਜਮ੍ਹਾਂ ਕੀਤਾ ਜਾਵੇ ਅਤੇ ਹਦਾਇਤਾਂ ਅਨੁਸਾਰ ਪੂਰਾ ਰਿਕਾਰਡ ਮੁਕੰਮਲ ਕਰਕੇ ਕੈਸ਼ ਬੁੱਕ ਵਿੱਚ ਇਹਨਾਂ ਦੇ ਇੰਦਰਾਜ਼ ਯਕੀਨੀ ਬਣਾਏ ਜਾਣ।

4.0 ਇਸਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ।**

ਪਿਠ ਅੰਕਣ ਨੰ ਕੋਆਰਡੀ./ਐਸ.ਐਸ.ਏ/2010/33506-509 ਮਿਤੀ ਚੰਡੀਗੜ 23-04-2010

ਇਸ ਦਾ ਇੱਕ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ।
2. ਡੀ.ਪੀ.ਆਈ. (ਸੈ ਸਿ) ਅਤੇ (ਐ ਸਿ) ਪੰਜਾਬ ਚੰਡੀਗੜ੍ਹ।
3. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ ਅਤੇ ਫਰੀਦਕੋਟ।
4. ਸਮੂਹ ਪ੍ਰਿੰਸੀਪਲ/ਸਕੂਲ ਮੁਖੀ ਮਾਰਫਤ/ਸਰਸ(ਵੈਬਸਾਈਟ ਰਾਹੀਂ)

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ ਚੰਡੀਗੜ੍ਹ।**

ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

ਹੁਕਮ

1.0 ਇਸ ਸਮੇ ਪੰਜਾਬ ਰਾਜ ਦੇ ਵੱਖ-ਵੱਖ ਸਕੂਲਾਂ ਵਿੱਚ ਸਰਕਾਰ ਵੱਲੋਂ ਸਮੇਂ-ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਵੱਖ-ਵੱਖ ਫੰਡਾਂ ਅਧੀਨ ਸਕੂਲਾਂ ਦੇ ਬੱਚਿਆਂ ਤੋਂ ਫੀਸ ਵਸੂਲੀ ਜਾ ਰਹੀ ਹੈ। ਇਨ੍ਹਾਂ ਫੰਡਾਂ ਅਧੀਨ ਕੁਝ ਇੱਕ ਫੰਡ, ਜਿਵੇਂ ਕਿ ਸਾਲਾਨਾ ਫੀਸ ਅਤੇ ਪੁਨਰ ਦਾਖਲਾ ਫੀਸ, ਰੈਡ ਕ੍ਰਾਸ ਫੰਡ, ਬਿਲਡਿੰਗ ਫੰਡ, ਵਿਦਿਆਰਥੀ ਭਲਾਈ ਫੰਡ, ਪੀ.ਟੀ.ਏ. ਸ਼ਨਾਖਤੀ ਕਾਰਡ, ਘਰੇਲੂ ਪ੍ਰੀਖਿਆ ਫੰਡ, ਮੈਗਜ਼ੀਨ ਫੰਡ ਸਾਲਾਨਾ ਤੌਰ ਤੇ ਇੱਕੋ ਵਾਰ ਇੱਕਠੇ ਕੀਤੇ ਜਾ ਰਹੇ ਹਨ, ਜਦੋਂ ਕਿ ਅਮਲਗਾਮੇਟਿਡ ਫੰਡ, ਸਪੋਰਟਸ ਫੰਡ, ਹੈਲਥ ਫੰਡ, ਆਡੀਓ ਵਿਜ਼ੂਅਲ ਫੰਡ, ਸਾਇਕਲ ਫੰਡ, ਸਮਾਲ ਸੇਵਿੰਗ ਫੰਡ, ਲੜਕਿਆਂ ਦੀ ਟਿਊਸ਼ਨ ਫੀਸ, ਪ੍ਰੈਕਟੀਕਲ ਫੰਡ, ਫਿਜ਼ਿਕਸ, ਕੈਮਿਸਟਰੀ, ਬਾਇਓਲਜੀ, ਜਿਉਗਰਾਫੀ, ਫਾਈਨ ਆਰਟਸ, ਹੋਮ ਸਾਇੰਸ ਅਤੇ ਵੋਕੇਸ਼ਨਲ ਫੰਡ ਆਦਿ ਮਹੀਨਾਵਾਰ ਲਏ ਜਾਂਦੇ ਹਨ। ਇਨ੍ਹਾਂ ਫੰਡਾਂ ਦੇ ਰੇਟਸ ਵਿਭਾਗ ਵੱਲੋਂ ਕਾਫੀ ਸਮਾਂ ਪਹਿਲਾਂ ਨਿਰਧਾਰਤ ਕੀਤੇ ਗਏ ਸਨ ।ਇਨ੍ਹਾਂ ਫੰਡਾਂ ਵਿੱਚੋਂ ਕਈ ਫੰਡਾਂ ਦੀ ਸਮੇਂ ਦੇ ਨਾਲ ਹੁਣ ਮਹੱਤਤਾ ਖਤਮ ਹੋ ਗਈ ਹੈ ।ਇਸ ਦੇ ਨਾਲ ਇਨ੍ਹਾਂ ਫੰਡਾਂ ਦੀ ਵਿਦਿਆਰਥੀਆਂ ਤੋਂ ਉਗਰਾਹੀ ਉਪਰੰਤ ਸਬੰਧਤ ਅਧਿਆਪਕਾਂ ਦਾ ਇਨ੍ਹਾਂ ਦਾ ਸਾਰਾ ਰਿਕਾਰਡ ਰੱਖਣ ਲਈ ਕਾਫੀ ਸਮਾਂ ਜ਼ਾਇਆ ਹੋ ਜਾਂਦਾ ਹੈ ।ਅਧਿਆਪਕਾਂ ਦੁਆਰਾ ਵੀ ਫੰਡਾਂ ਦੇ ਕੰਮ ਨੂੰ ਸਰਲ ਕਰਨ ਲਈ ਵਾਰ-ਵਾਰ ਬੇਨਤੀ ਕੀਤੀ ਗਈ ਹੈ ।

2.0 ਅਧਿਆਪਕਾਂ ਦੇ ਕੀਮਤੀ ਸਮੇਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਤੇ ਪੈਣ ਵਾਲੇ ਵਿੱਤੀ ਬੋਝ ਨੂੰ ਮੁੱਖ ਰੱਖਦਿਆਂ ਚੰਗੀ ਤਰ੍ਹਾਂ ਵਿਚਾਰਨ ਉਪਰੰਤ ਇਨ੍ਹਾਂ ਸਾਰੇ ਫੰਡਾਂ ਨੂੰ ਤਰਤੀਬਵਾਰ ਕਰਨ ਲਈ ਫੈਸਲਾ ਕੀਤਾ ਹੈ ਕਿ :-

ੳ) 10+1 ਅਤੇ 10+2 ਜਮਾਤਾਂ ਲਈ ਪ੍ਰੈਕਟੀਕਲ ਫੀਸ ਮੌਜੂਦਾ ਰੇਟਾਂ ਅਨੁਸਾਰ ਹੀ ਲਈ ਜਾਵੇਗੀ ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਜਮਾਤ | ਫੰਡ | ਫੀਸ ਦੀ ਦਰ |
|---|---|---|---|
| 1 | 10+1 ਅਤੇ 10+2 | ਜਿਉਗਰਾਫੀ ਫੰਡ | 5/- ਪ੍ਰਤੀ ਮਹੀਨਾ |
| 2 | 10+1 ਅਤੇ 10+2 | ਫਾਈਨ ਆਰਟਸ ਫੰਡ | 4/- ਪ੍ਰਤੀ ਮਹੀਨਾ |
| 3 | 10+1 ਅਤੇ 10+2 | ਫਿਜ਼ਿਕਸ ਫੰਡ | 3.5/- ਪ੍ਰਤੀ ਮਹੀਨਾ |
| 4 | 10+1 ਅਤੇ 10+2 | ਕੈਮਿਸਟਰੀ ਫੰਡ | 5/- ਪ੍ਰਤੀ ਮਹੀਨਾ |
| 5 | 10+1 ਅਤੇ 10+2 | ਬਾਇਓਲੋਜੀ ਫੰਡ | 3.5/- ਪ੍ਰਤੀ ਮਹੀਨਾ |

ਅ) ਆਈ.ਸੀ.ਟੀ. ਪ੍ਰੋਜੈਕਟ ਤਹਿਤ ਕੰਪਿਊਟਰ ਫੀਸ ਦੀ ਵਸੂਲੀ ਅਤੇ ਖਰਚ ਸਮੇਂ-ਸਮੇਂ ਭੇਜੀਆਂ ਹਦਾਇਤਾਂ ਅਨੁਸਾਰ ਹੀ ਹੋਵੇਗੀ । ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਦੁਆਰਾ ਅੱਠਵੀਂ ਜਮਾਤ ਤੱਕ ਕੰਪਿਊਟਰ ਫੀਸ ਪਹਿਲਾਂ ਹੀ ਮੁਆਫ ਕਰ ਦਿੱਤੀ ਗਈ ਹੈ ।

ੲ) ਉਪਰੋਕਤ ਲੜੀ ਨੰ: 2 ਵਿੱਚ ਦੱਸੇ ਫੰਡਾਂ ਤੋਂ ਇਲਾਵਾ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਸਿਰਫ ਹੇਠਾਂ ਲਿਖੇ ਅਨੁਸਾਰ ਹੀ ਫੀਸ/ਫੰਡ ਲਏ ਜਾਣਗੇ :-

| ਲੜੀ ਨੰ | ਫੰਡ ਦੀ ਕਿਸਮ | ਫੰਡ ਦਾ ਨਾਂ | ਜਮਾਤ 6ਵੀ ਤੋਂ 8ਵੀ | ਜਮਾਤ 9ਵੀ, 10ਵੀਂ | ਜਮਾਤ 11ਵੀ, 12ਵੀ |
|---|---|---|---|---|---|
| 1 | ਸਲਾਨਾ | ਦਾਖਲਾ ਫੀਸ | 3/-ਰੁਪੈ ਦਾਖਲੇ ਸਮੇਂ | 3/-ਰੁਪੈ ਦਾਖਲੇ ਸਮੇਂ | 10/-ਰੁਪੈ ਦਾਖਲੇ ਸਮੇਂ |
| | | ਪੁਨਰ-ਦਾਖਲਾ ਫੀਸ | 1/-ਰੁਪੈ | 1/- ਰੁਪੈ | 1/- ਰੁਪੈ |
| 2 | ਮਾਸਿਕ | ਅਮਲਗਾਮੇਟਿਡ | 15/- | 20/- | 25/- |
| | | ਪੀ.ਟੀ.ਏ. | 10/- | 15/- | 20/- |
| | | ਸਪੋਰਟਸ | 3/- | 4/- | 5/- |
| | | ਮਾਸਿਕ ਫੰਡਾਂ ਦਾ ਕੁੱਲ ਜੋੜ | 28/- | 39/- | 50/- |

ਜੁਰਮਾਨਾ:-

ਬੱਚਿਆਂ ਤੋਂ ਗੈਰਹਾਜ਼ਰੀ ਦਾ ਲਿਆ ਜਾਣ ਵਾਲਾ ਜੁਰਮਾਨਾ ਇੱਕ ਰੁਪਏ ਪ੍ਰਤੀ ਦਿਨ ਹੋਵੇਗਾ।

ਨੋਟ :-

1. ਉਕਤ ਸਾਰਣੀ ਅਨੁਸਾਰ ਜਿਹੜੇ ਫੰਡ ਚਾਲੂ ਵਿਦਿਅਕ ਸਾਲ ਦੌਰਾਨ ਪਹਿਲਾਂ ਹੀ ਲਏ ਜਾ ਚੁੱਕੇ ਹਨ, ਵਿਦਿਆਰਥੀਆਂ ਤੋਂ ਦੁਬਾਰਾ ਨਾ ਲਏ ਜਾਣ । ਇਹ ਰੇਟ ਅਗਲੇ ਅਕਾਦਮਿਕ ਸੈਸ਼ਨ ਭਾਵ 2010-11 ਤੋਂ ਹੀ ਲਾਗੂ ਹੋਣਗੇ ।
2. ਉਪਰੋਕਤ ਫੰਡਾਂ ਤੋਂ ਇਲਾਵਾ ਹੋਰ ਕੋਈ ਫੰਡ/ਫੀਸ ਸਕੂਲਾਂ ਦੇ ਬੱਚਿਆਂ ਤੋਂ ਨਾ ਲਈ ਜਾਵੇ ।
3. ਅਮਲਗਾਮੇਟਿਡ ਫੰਡ ਅਤੇ ਪੀ.ਟੀ.ਏ. ਫੰਡ ਨੂੰ ਸਕੂਲ ਅਤੇ ਬੱਚਿਆਂ ਦੀ ਭਲਾਈ ਲਈ ਹੇਠਾਂ ਲਿਖੀਆਂ ਹਦਾਇਤਾਂ ਅਨੁਸਾਰ ਹੀ ਖਰਚਿਆ ਜਾ ਸਕਦਾ ਹੈ :-

ਅਮਲਗਾਮੇਟਿਡ ਫੰਡ

| | |
|---|---|
| (ੳ) | ਸੰਸਥਾ ਦੀ ਬਿਹਤਰੀ, ਵਿਦਿਆਰਥੀਆਂ ਦੀ ਭਲਾਈ ਅਤੇ ਸਕੂਲ ਦੀ ਸੁਚੱਜੀ ਕਾਰਗੁਜਾਰੀ ਲਈ। |
| (ਅ) | ਵਿਦਿਆਰਥੀਆਂ ਦੀਆ ਸਹਿ-ਅਕਾਦਮਿਕ ਕ੍ਰਿਆਵਾਂ ਲਈ। |
| (ੲ) | ਬਿਜਲੀ ਦੇ ਬਿਲਾਂ ਦੇ ਭੁਗਤਾਨ ਲਈ। |
| (ਸ) | ਟੈਲੀਫੋਨ/ਇੰਟਰਨੈੱਟ ਬਿਲਾਂ ਦੇ ਭੁਗਤਾਨ ਲਈ (ਪਿਕਟਸ ਦੁਆਰਾ ਦਿੱਤੇ ਗਏ ਫੰਡ ਕਾਫੀ ਨਾ ਹੋਣ ਦੀ ਸੂਰਤ ਵਿੱਚ)। |
| (ਹ) | ਘਰੇਲੂ ਜਾਂ ਸਾਲਾਨਾ ਪ੍ਰੀਖਿਆਵਾਂ ਲਈ। |

ਪੀ.ਟੀ.ਏ. ਫੰਡ

| | |
|---|---|
| (ੳ) | ਜੈਨਰੇਟਰ ਸੈਟ ਵਿਚ ਤੇਲ ਦੀ ਖਪਤ ਲਈ। |
| (ਅ) | ਸਕੂਲ ਦੇ ਦਫਤਰੀ ਜਾਂ ਹੋਰ ਖਰਚਿਆਂ ਲਈ। |
| (ੲ) | ਛੋਟੀ ਮੋਟੀ ਮੁਰੰਮਤ ਲਈ (ਮੁਰੰਮਤ ਅਤੇ ਸਾਂਭ-ਸੰਭਾਲ ਦੀਆ ਗ੍ਰਾਂਟਾਂ ਨਾਕਾਫੀ ਹੋਣ ਦੀ ਸੂਰਤ ਵਿੱਚ)। |
| (ਹ) | ਫਰਨੀਚਰ, ਕੁਰਸੀਆਂ, ਮੇਜ਼, ਅਲਮਾਰੀ, ਰੈਕ ਆਦਿ ਲਈ। |

**ਸਪੋਰਟਸ ਫੰਡ** : ਸਪੋਰਟਸ ਫੰਡ ਵਿੱਚੋਂ ਖਰਚਾਂ ਪਹਿਲਾਂ ਵਾਂਗ ਹੀ ਕੀਤਾ ਜਾਵੇਗਾ ।

3.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਇਨ੍ਹਾਂ ਫੰਡਾਂ ਤੋਂ ਵੱਧ ਕੋਈ ਹੋਰ ਫੰਡ ਨਾ ਲਿਆ ਜਾਵੇ ।

ਜੀ.ਐਸ.ਗਰੇਵਾਲ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ

ਪਿਠ ਅੰਕਣ ਨੰ ਡਿ.ਐਸ.ਪੀ.ਡੀ./[illegible]/2009/458-502 ਮਿਤੀ ਚੰਡੀਗੜ੍ਹ 4-01-10

ਇਸ ਦਾ ਇੱਕ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ. (ਸੈ ਸਿ) ਅਤੇ (ਐ ਸਿ) ਪੰਜਾਬ ਚੰਡੀਗੜ੍ਹ।
2. ਸੁਪਰਡੈਂਟ ਸਿੱਖਿਆ ਵਿਭਾਗ (ਸਿੱਖਿਆ ਸ਼ਾਖਾ)
3. ਮੰਡਲ ਸਿੱਖਿਆ ਅਫਸਰ ਪਟਿਆਲਾ, ਜਲੰਧਰ ਅਤੇ ਫਰੀਦਕੋਟ।
4. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ) ਅਤੇ (ਐ ਸਿ)।

ਵਿਸ਼ੇਸ਼ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) [illegible]
ਪੱਤਰ ਨੰ. ਜੀ-1/1/2018 ਮਿਤੀ 29/1/18
[illegible]